National Research Journal of Social Sciences
Volume-11, Issue-1, January-June 2026
PP: 55-59
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵੈਰਾਗ ਦਾ ਸੰਕਲਪ

**ਹਰਮਨਦੀਪ ਕੌਰ**

ਸਹਾਇਕ ਪ੍ਰੋਫੈਸਰ

ਪੋਸਟ ਗ੍ਰੈਜੂਏਟ,ਪੰਜਾਬੀ ਵਿਭਾਗ, ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਭਗਤਾ ਭਾਈ ਕਾ ( ਬਠਿੰਡਾ )

**ਸਾਰੰਸ਼**:

ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਬਾਣੀਕਾਰਾਂ ਦੀ ਅਧਿਆਤਮਕ ਅਨੁਭਵ ਦੀ ਅਭਿਵਿਅਕਤੀ 'ਧੁਰ ਕੀ ਬਾਣੀ' ਦੇ ਰੂਪ ਵਿੱਚ ਮਨੁੱਖ ਨੂੰ ਸਤਿ ਅਨੁਭਵ ਦੇ ਪ੍ਰਕਾਸ਼ ਨਾਲ ਜੁੜਨ ਲਈ ਪ੍ਰੇਰਿਤ ਕਰਦੀ ਹੈ। ਮਨੁੱਖ ਦੀ ਵਿਡੰਬਨਾ ਇਹ ਹੈ ਕਿ ਉਹ ਜਗਤ ਅਤੇ ਸਰੀਰ ਨੂੰ ਸਤਿ ਮੰਨ ਕੇ ਇਸੇ ਦੀ ਪਾਲਣਾ ਅਤੇ ਦੁਨਿਆਵੀ ਪਦਾਰਥਾਂ ਨੂੰ ਇਕੱਤਰ ਕਰਨ ਵਿਚ ਆਪਣਾ ਜੀਵਨ ਵਿਅਰਥ ਗੁਆ ਲੈਂਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚੋਂ ਸੰਸਾਰਕ ਨਾਸ਼ਮਾਨਤਾ ਦਾ ਡੂੰਘਾ ਅਹਿਸਾਸ ਹੁੰਦਾ ਹੈ ਜਿਸ ਵਿਚ ਵੈਰਾਗ ਦੀ ਤੀਬਰ ਸੰਵੇਦਨਾ ਲੁਪਤ ਹੈ। ਇਹ ਬਾਣੀ ਮਨੁੱਖ ਨੂੰ ਸੁਚੱਜੀ ਜੀਵਨ – ਜਾਚ ਸਿਖਾ ਕੇ ਸਰਵਉੱਚ ਸ਼ਕਤੀ ਪਰਮਾਤਮਾ ਨਾਲ ਇੱਕ – ਮਿਕ ਹੋਣ ਦਾ ਰਾਹ ਦਰਸਾਉਂਦੀ ਹੋਈ ਮੋਕਸ਼ ਪ੍ਰਾਪਤੀ ਦਾ ਸੰਦੇਸ਼ ਦਿੰਦੀ ਹੈ । ਇਹ ਕਿਸੇ ਵਿਸ਼ੇਸ਼ ਧਰਮ, ਜਾਤੀ , ਮਜ਼ਹਬ, ਕੌਮ ਜਾਂ ਸੰਪਰਦਾਇ ਲਈ ਨਹੀਂ ਬਲਕਿ ਸਮੁੱਚੀ ਮਨੁੱਖਤਾ ਦੇ ਭਲੇ ਹਿੱਤ ਰਚੀ ਗਈ ਬਾਣੀ ਹੈ ਜਿਸ ਨੂੰ ਪੜ੍ਹ – ਸੁਣ ਕੇ ਮਨੁੱਖ ਇਸ ਪਦਾਰਥਕ ਯੁਗ ਵਿੱਚ ਸ਼ਾਂਤ ਅਤੇ ਸਹਿਜ ਅਵਸਥਾ ਨੂੰ ਪ੍ਰਾਪਤ ਕਰ ਸਕਦਾ ਹੈ ।

**ਮੁੱਖ ਸ਼ਬਦ**: ਗੁਰੂ ਤੇਗ ਬਹਾਦਰ ਜੀ ਦੀ ਬਾਣੀ, ਸੰਸਾਰਕ ਨਾਸ਼ਮਾਨਤਾ, ਨੈਤਿਕਤਾ ਅਤੇ ਸਦਾਚਾਰ, ਵੈਰਾਗ ਅਤੇ ਅਨੁਰਾਗ, ਬੰਧਨ ਮੁਕਤੀ

## ਜਾਣ-ਪਛਾਣ

ਗੁਰੂ ਤੇਗ ਬਹਾਦਰ ਸਾਹਿਬ ਦਾ ਜਨਮ ਮੀਰੀ – ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਤੇ ਮਾਤਾ ਨਾਨਕੀ ਜੀ ਦੇ ਘਰ ਪੰਜ ਵੈਸਾਖ ਸੰਮਤ 1678 ਮੁਤਾਬਕ 1 ਅਪ੍ਰੈਲ, 1621 ਦਿਨ ਐਤਵਾਰ ਨੂੰ ਅੰਮ੍ਰਿਤਸਰ ਵਿੱਚ ਹੋਇਆ। ਬਾਬਾ ਗੁਰਦਿੱਤਾ, ਬਾਬਾ ਸੂਰਜ ਮੱਲ ,ਬਾਬਾ ਅਨੀ ਰਾਏ ਤੇ ਬਾਬਾ ਅਟੱਲ ਆਪ ਦੇ ਚਾਰ ਭਾਈ ਅਤੇ ਬੀਬੀ ਵੀਰੋ ਆਪ ਦੀ ਇੱਕ ਭੈਣ ਸੀ। ਆਪ ਬਚਪਨ ਤੋਂ ਹੀ ਬੜੇ ਸੁੰਦਰ,ਸਿਹਤਮੰਦ, ਸੰਤ ਸਰੂਪ, ਕੋਮਲ ਚਿੱਤ , ਗੰਭੀਰ ਤੇ ਉਦਾਰ ਬਿਰਤੀ ਦੇ ਮਾਲਕ ਸਨ।[1] ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਚਰਿਤਰ ਤੋਂ ਇਹ ਭਲੀ – ਭਾਂਤ ਪ੍ਰਗਟ ਹੋ ਜਾਂਦਾ ਹੈ ਕਿ ਗੁਰੂ ਜੀ ਦਾ ਹਿਰਦਾ ਕੋਮਲ ਤੇ ਨਿਰਵੈਰ ਸੀ । ਆਪ ਨੂੰ ਦੁਨੀਆਂ ਵਿੱਚ ਮੱਲਾਂ ਮੱਲਣ ਤੋਂ ਉਪਰਾਮਤਾ ਸੀ । ਗੁਰੂ ਜੀ ਇਕਾਂਤ ਵਿੱਚ ਟਿਕੇ ਰਹਿਣਾ ਪਸੰਦ ਕਰਦੇ ਸਨ। ਜਿਸ ਕਿਸੇ ਨੇ ਵੀ ਗੁਰੂ ਜੀ ਉੱਤੇ ਵਧੀਕੀ ਕੀਤੀ ਆਪ ਨੇ ਉਸਨੂੰ ਖਿੜੇ ਮੱਥੇ ਮੁਆਫ ਕਰ ਦਿੱਤਾ।[2] ਬਚਪਨ ਤੋਂ ਹੀ ਆਪ ਨੂੰ ਸ਼ਸਤਰ ਵਿਦਿਆ ਵਿੱਚ ਪ੍ਰਵੀਨ ਕੀਤਾ ਗਿਆ। ਕਰਤਾਰਪੁਰ ਦੀ ਚੌਥੀ ਜੰਗ ਜੋ ਗੁਰੂ ਹਰਗੋਬਿੰਦ ਸਾਹਿਬ ਨੂੰ ਲੜਨੀ ਪਈ । ਆਪ ਨੇ ਹਿੱਸਾ ਲਿਆ, ਆਪ ਦੀ ਉਮਰ ਉਸ ਸਮੇਂ ਕੇਵਲ 13 ਸਾਲ ਸੀ। ਜਿਸ ਦਲੇਰੀ ਅਤੇ ਫੁਰਤੀ ਨਾਲ ਆਪ ਨੇ ਤੇਗ ਚਲਾਈ ਉਸ ਤੋਂ ਪ੍ਰਭਾਵਿਤ ਹੋ ਕੇ ਗੁਰੂ ਪਿਤਾ ਨੇ ਆਪ ਨੂੰ ਤੇਗ ਬਹਾਦਰ ਕਹਿ ਕੇ ਸਨਮਾਨਿਆ।[3]

## ਵਿਚਾਰ – ਚਰਚਾ

ਇਸ ਖੋਜ – ਪੱਤਰ ਦਾ ਮੂਲ ਉਦੇਸ਼ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਨਿਹਿਤ ਵੈਰਾਗ ਦੇ ਸੰਕਲਪ ਦੀ ਨਿਸ਼ਾਨਦੇਹੀ ਕਰਨਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਜਿਹੜੇ ਬਾਣੀਕਾਰਾਂ ਦੀ ਬਾਣੀ ਸੰਕਲਿਤ ਹੈ ਉਸ ਵਿੱਚ ਮਾਨਵਤਾ ਦੇ ਰੱਖਿਅਕ , ਹਿੰਦ ਦੀ ਚਾਦਰ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਪਵਿੱਤਰ ਬਾਣੀ ਵੀ ਸ਼ਾਮਲ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ' ਮਹਲਾ ੯ ' ਦੇ ਸਿਰਲੇਖ ਹੇਠ ਦਰਜ ਹੈ ।ਗੁਰੂ ਗ੍ਰੰਥ ਸਾਹਿਬ ਵਿੱਚ ਉਹਨਾਂ ਦੀ ਬਾਣੀ 59 ਸ਼ਬਦਾਂ ਦੇ ਰੂਪ ਵਿੱਚ 15 ਰਾਗਾਂ ਵਿੱਚ ਦਰਜ ਹੈ ਜਿਸ ਦਾ ਵੇਰਵਾ ਇਸ ਪ੍ਰਕਾਰ ਹੈ : ਗਉੜੀ 9 ਸ਼ਬਦ , ਆਸਾ 1 ਸ਼ਬਦ , ਦੇਵ ਗੰਧਾਰੀ 3 ਸ਼ਬਦ , ਬਿਹਾਗੜਾ 1 ਸ਼ਬਦ , ਸੋਰਠ 12 ਸ਼ਬਦ , ਧਨਾਸਰੀ 4 ਸ਼ਬਦ , ਜੈਤਸਰੀ 3 ਸ਼ਬਦ , ਟੋਡੀ 1 ਸ਼ਬਦ , ਤਿਲੰਗ 3 ਸ਼ਬਦ, ਰਾਮਕਲੀ 3 ਸ਼ਬਦ , ਮਾਰੂ 3 ਸ਼ਬਦ, ਬਿਲਾਵਲ 3 ਸ਼ਬਦ ,ਬਸੰਤ 5 ਸ਼ਬਦ , ਸਾਰੰਗ 4 ਸ਼ਬਦ, ਜੈਜਾਵੰਤੀ [4] ਸ਼ਬਦ । ਇਸ ਤੋਂ ਇਲਾਵਾ ਸੁਤੰਤਰ ਰੂਪ ਵਿੱਚ 57 ਸਲੋਕ ' ਸਲੋਕ ਵਾਰਾਂ ਤੋਂ ਵਧੀਕ ' ਤੋਂ ਬਾਅਦ ਵਿੱਚ ਦਰਜ ਹਨ।

ਉਪਰੋਕਤ ਬਾਣੀ ਜਿੱਥੇ ਰਹੱਸਵਾਦ , ਨੈਤਿਕਤਾ ਤੇ ਸਦਾਚਾਰ, ਗੁਰੂ ਦੀ ਸ਼ਰਨ, ਸੰਸਾਰਿਕ ਨਾਸ਼ਮਾਨਤਾ, ਬੰਧਨ ਮੁਕਤੀ ਆਦਿਕ ਗੰਭੀਰ ਵਿਸ਼ਿਆਂ ਨਾਲ ਓਤ – ਪੋਤ ਹੈ ਓਥੇ ਨਾਲ਼ ਹੀ ਵੈਰਾਗ ਅਤੇ ਅਨੁਰਾਗ ਦੇ ਧਾਰਨੀ ਹੋ ਕੇ ਅਧਿਆਤਮਕ ਮੰਜ਼ਲਿ ਦੀ ਪ੍ਰਾਪਤੀ ਦੇ ਸੰਦੇਸ਼ ਨਾਲ ਵੀ ਬਾਵਸਤਾ ਹੈ । ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚੋਂ ਪ੍ਰਾਪਤ ਸਿਖਿਆ ਮਨੁੱਖੀ ਮਨ ਨੂੰ ਸੰਸਾਰਕ ਪਦਾਰਥਾਂ ਦੀ ਨਾਸ਼ਮਾਨਤਾ ਦਾ ਵਿਚਾਰ ਦ੍ਰਿੜ ਕਰਵਾ ਕੇ ਇੱਕ ਪਰਮਸੱਤਾ ਲਈ ਵੈਰਾਗ ਦੀ ਭਾਵਨਾ ਨਾਲ ਓਤਪੋਤ ਕਰਨਾ ਹੈ। ਮਨੁੱਖੀ ਮਨ ਦੀਆਂ ਬਾਰੀਕ ਪਰਤਾਂ ਦੀ ਗਹਿਰਾਈ ਨਾਲ ਨਜ਼ਰਸਾਨੀ ਕਰਦਿਆਂ ਗੁਰੂ ਸਾਹਿਬ ਉਸ ਨੂੰ ਸੁਨ ਰੇ ਮਨਾ, ਸੁਨ ਮੀਤ, ਨਰ ਬਾਵਰੇ ਵਰਗੇ ਅਪਣੱਤ ਭਰੇ ਸ਼ਬਦਾਂ ਨਾਲ ਸੰਬੋਧਨੀ ਸ਼ੈਲੀ ਵਿੱਚ ਲਿਖਦੇ ਹਨ :


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ।।

(ਗੁਰੂ ਗ੍ਰੰਥ ਸਾਹਿਬ ਜੀ , ਅੰਗ 1427 )

ਮਨੁੱਖ ਦੀ ਅਲਪ ਬੁੱਧੀ 'ਦਿਸਦੇ ਸੱਚ' ਅਤੇ 'ਓਹਲੇ ਦੇ ਸੱਚ' ਦੀ ਹਕੀਕਤ ਤੋਂ ਜਾਣੂੰ ਹੋਏ ਬਗ਼ੈਰ ਅਗਿਆਨਤਾ ਦੇ ਹਨੇਰੇ ਵਿਚ ਭਟਕਣ ਲਈ ਮਜ਼ਬੂਰ ਹੈ । ਇਸੇ ਲਈ ਆਪਣੀ ਅਕਲ , ਦੌਲਤ , ਦੁਨਿਆਵੀ ਪਦਾਰਥਾਂ ਜਾਂ ਬਲ ਦਾ ਹੰਕਾਰ ਕਰਨਾ ਮਨੁੱਖੀ ਫ਼ਿਤਰਤ ਹੈ । ਅਜਿਹੇ ਮਨੁੱਖ ਦੀ ਮਾਨਸਿਕ ਦਸ਼ਾ ਨੂੰ ਗੁਰੂ ਸਾਹਿਬ ਭਲੀਭਾਂਤ ਰੂਪਮਾਨ ਕਰਦੇ ਹੋਏ ਦੁਰਮਤਿ ਦਾ ਨਾਸ਼ ਕਰਨ ਦਾ ਉਪਾਅ ਹਰੀ ਜਸ ਨੂੰ ਦਰਸਾਉਂਦੇ ਹਨ :

ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ।।

ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ।।

(ਗੁਰੂ ਗ੍ਰੰਥ ਸਾਹਿਬ ਜੀ , ਅੰਗ 1428 )

ਗਰਬ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ।।

ਜਿਹ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹ ਜਗੁ ਜੀਤੁ।।

(ਗੁਰੂ ਗ੍ਰੰਥ ਸਾਹਿਬ ਜੀ, ਅੰਗ ਉਹੀ )

ਵਿਭਿੰਨ ਸੰਸਾਰਿਕ ਭੈਅ ਦਾਇਕ ਸ਼ਕਤੀਆਂ ਦੇ ਡਰ ਵਿਚ ਗ੍ਰਸਿਆ ਹੋਇਆ ਜਨ ਸਧਾਰਨ ਦਿਨ - ਰਾਤ ਚਿੰਤਾ ਵਿੱਚ ਗੁਜ਼ਾਰਨ ਲਈ ਮਜ਼ਬੂਰ ਹੈ ਜਦ ਕਿ ਦੌਲਤਮੰਦ ਅਤੇ ਸੱਤਾਧਾਰੀ ਧਿਰ ਆਪਣੇ ਸਾਧਨਾਂ ਸਦਕਾ ਦੂਜਿਆਂ ਨੂੰ ਡਰਾ ਧਮਕਾ ਕੇ ਆਪਣਾ ਦਾਬਾ ਬਣਾ ਕੇ ਰੱਖਦੀ ਹੈ। ਇਹ ਬਾਣੀ ਉਪਰੋਕਤ ਦੋਵੇਂ ਸਥਿਤੀਆਂ ( ਡਰਨਾ ਅਤੇ ਡਰਾਉਣਾ ) ਦਾ ਤਿਆਗ ਕਰਕੇ ਸਰਵ ਸ਼ਕਤੀਮਾਨ ਪਰਮਾਤਮਾ ਦੀ ਓਟ ਵਿੱਚ ਰਹਿਣ ਵਾਲੇ ਮਨੁੱਖ ਨੂੰ 'ਗਿਆਨੀ 'ਦਾ ਰੁਤਬਾ ਦਿੰਦੀ ਹੈ :

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ।।

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ।।

(ਗੁਰੂ ਗ੍ਰੰਥ ਸਾਹਿਬ ਜੀ, ਅੰਗ 1427 )

ਗੁਰੂ ਜੀ ਦੀ ਰੱਬੀ ਬਾਣੀ ਮਨੁੱਖ ਨੂੰ ਭਾਉ ਭਗਤੀ ਦੀ ਸਿੱਖਿਆ ਦੇਣ ਦੇ ਨਾਲ - ਨਾਲ ਬਦੀ ਦਾ ਟਾਕਰਾ ਕਰਨ ਲਈ ਪ੍ਰਸ਼ਨੋਤਰੀ ਸ਼ੈਲੀ ਵਿੱਚ ਪ੍ਰਭੂ ਪਰਮਾਤਮਾ ਦੇ ਓਟ ਆਸਰੇ ਦਾ ਰਾਹ ਦਰਸਾਉਂਦੀ ਹੈ :

ਬਲ ਛੁਟਕਿਓ ਬੰਧਨ ਪਰੇ ਕਛੂ ਨਾ ਹੋਤ ਉਪਾਇ ।।

ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ।।

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1429 )

ਬਲ ਹੋਆ ਬੰਧਨ ਛੁਟੈ ਸਭੁ ਕਿਛੁ ਹੋਤ ਉਪਾਇ ।।
ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ।।

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ , ਉਹੀ )

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੇਕੀ ਬਦੀ ਦੇ ਵਿਚਾਰਾਂ ਨਾਲ ਭਰੇ , ਦਸ ਪਾਸੇ ਦੌੜਨ ਵਾਲੇ ਚੰਚਲ ਮਨੁੱਖੀ ਮਨ ਨੂੰ ਕਾਬੂ ਕਰਕੇ ਸ਼ਾਂਤ ਤੇ ਸਹਿਜ ਅਵਸਥਾ ਵਿੱਚ ਰਹਿਣ ਦੀ ਜੀਵਨ - ਜਾਚ ਸਿਖਾਉਂਦੀ ਹੈ :

ਚੰਚਲ ਮਨੁ ਦਹ ਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੋ ।।

ਕਹੁ ਨਾਨਕ ਇਹ ਬਿਧ ਕੋ ਜੋ ਨਰੁ ਮੁਕਤਿ ਤਾਹਿ ਤੁਮ ਮਾਨੋ ।।

(ਗੁਰੂ ਗ੍ਰੰਥ ਸਾਹਿਬ ਜੀ , ਅੰਗ 685)

ਮਾਈ ਮਨੁ ਮੇਰੋ ਬਸਿ ਨਾਹਿ ।।

ਨਿਸ ਬਾਸੁਰ ਬਿਖਿਅਨ ਕਉ ਧਾਵਤ ਕਹਿ ਬਿਧ ਰੋਕਉ ਤਾਹਿ ।।ਰਹਾਉ ।।

ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨ ਨਿਮਖ ਨ ਹੀਏ ਬਸਾਵੈ ।।

ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ ।।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ ।।

ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ ।।

ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ।।

ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ।।
(ਗੁਰੂ ਗ੍ਰੰਥ ਸਾਹਿਬ ਜੀ , ਅੰਗ 632 - 633 )

ਗੁਰੂ ਤੇਗ ਬਹਾਦਰ ਜੀ ਮਨੁੱਖ ਨੂੰ ਸੁਚੇਤ ਰੂਪ ਵਿੱਚ ਕੋਈ ਦੁਸ਼ਕਰਮ ਕਰਨ ਤੋਂ ਤਾਂ ਰੋਕਦੇ ਹੀ ਹਨ ਪਰ ਅਚੇਤ ਰੂਪ ਵਿੱਚ ਵੀ ਕਿਸੇ ਨੀਚ ਕਰਮ ਦੀ ਮੰਦੀ ਭਾਵਨਾ ਤੋਂ ਸਪੱਸ਼ਟ ਤੌਰ 'ਤੇ ਹੋੜਦੇ ਹਨ :

ਨਰ ਅਚੇਤ ਪਾਪ ਤੇ ਡਰੁ ਰੇ ।।

ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ ।।ਰਹਾਉ ।।

ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ ।।

ਪਾਵਨ ਨਾਮੁ ਜਗਤਿ ਮੈ ਹਰਿ ਕੋ ਸਿਮਰਿ ਸਿਮਰਿ ਕਸਮਲ ਸਭ ਹਰੁ ਰੇ ।।

ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ ।।

ਨਾਨਕ ਕਹਤ ਗਾਇ ਕਰੁਨਾ ਮੈਂ ਭਵ ਸਾਗਰ ਕੈ ਪਾਰਿ ਉਤਰੁ ਰੇ ।।

( ਗੁਰੂ ਗ੍ਰੰਥ ਸਾਹਿਬ ਜੀ , ਅੰਗ 220)

ਮਨ ਦੀ ਭਟਕਣਾ ਦਾ ਮੂਲ ਕਾਰਨ ਦੁਨਿਆਵੀ ਤ੍ਰਿਸ਼ਨਾਵਾਂ ਹਨ ਜਿਨਾਂ ਦੀ ਕੋਈ ਸੀਮਾ ਹੀ ਨਹੀਂ । ਜਿਉਂ - ਜਿਉਂ ਪਦਾਰਥਕ ਪ੍ਰਾਪਤੀ ਹੁੰਦੀ ਹੈ ਤ੍ਰਿਸ਼ਨਾ ਦੀ ਅੱਗ ਠੰਢੀ ਹੋਣ ਦੀ ਬਜਾਇ ਹੋਰ ਭੜਕ ਜਾਂਦੀ ਹੈ ਅਤੇ ਲੋਭ - ਲਹਿਰ ਵਿੱਚ ਹਲਕਾਇਆ ਮਨ ਸਭ ਤਰ੍ਹਾਂ ਦੇ ਮੰਦੇ ਕੰਮ ਕਰਾਉਂਦਾ ਹੈ । ਗੁਰੂ ਸਾਹਿਬ ਇਸ ਸਬੰਧੀ ਲਿਖਦੇ ਹਨ :

ਨਿਸ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ।।

ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ।।

(ਗੁਰੂ ਗ੍ਰੰਥ ਸਾਹਿਬ ਜੀ, ਅੰਗ 1427 )

ਲੋਭ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਗਿਓ ਧਨ ਕੀ ।।

(ਗੁਰੂ ਗ੍ਰੰਥ ਸਾਹਿਬ ਜੀ, ਅੰਗ 411 )

ਭੂਲਿਓ ਮਨ ਮਾਇਆ ਉਰਝਾਇਓ।। ਰਹਾਉ ।।

(ਗੁਰੂ ਗ੍ਰੰਥ ਸਾਹਿਬ ਜੀ, ਅੰਗ 702 )

ਪਰਮਾਤਮਾ ਜਗਤ ਪਿਤਾ ਹੈ ਇਸ ਲਈ ਉਹ ਪਿਤਾ ਹੋਣ ਦੇ ਨਾਤੇ ਆਪਣੀ ਮਖ਼ਲੂਕ ਦੁਆਰਾ ਕੀਤੇ ਪਾਪਾਂ ਨੂੰ ਮੁਆਫ਼ ਕਰਨ ਦੇ ਵੀ ਸਮਰੱਥ ਹੈ । ਉਹ ਪਿਤਾ ਰੂਪੀ ਪਰਮਾਤਮਾ ਪਤਿਤ ਪਾਵਨ ਹੋਣ ਕਰਕੇ ਮਿਹਰ ਕਰ ਦਿੰਦਾ ਹੈ :

ਪਤਿਤ ਪੁਨੀਤ ਦੀਨ ਬੰਧੁ ਹਰਿ ਸਰਨਿ ਤਾਹਿ ਤੁਮ ਆਵਉ ।।

(ਗੁਰੂ ਗ੍ਰੰਥ ਸਾਹਿਬ ਜੀ, ਅੰਗ 219 )

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਹਿੰਦੂ ਪੌਰਾਣਿਕ ਕਥਾਵਾਂ ਦੇ ਪਾਤਰਾਂ ਜਿਵੇਂ ਗਨਕਾ ਅਤੇ ਅਜਾਮਲ ਆਦਿ ਦੀਆਂ ਉਦਾਹਰਣਾਂ ਰਾਹੀਂ ਦਰਸਾਇਆ ਗਿਆ ਹੈ ਕਿ ਆਪਣੇ ਜੀਵਨ ਵਿੱਚ ਪਾਪ ਕਰਨ ਵਾਲਾ ਮਨੁੱਖ ਪਤਿਤ ਪਾਵਨ ਪ੍ਰਭੂ ਦੀ ਸ਼ਰਨ ਵਿੱਚ ਆ ਕੇ ਕਿਸ ਤਰ੍ਹਾਂ ਇਕ ਨਿਮਖ ਵਿਚ ਹੀ ਪਾਪਾਂ ਤੋਂ ਮੁਕਤ ਹੋ ਸਕਦਾ ਹੈ :

ਮਨ ਰੇ ਪ੍ਰਭ ਕੀ ਸਰਨਿ ਬੀਚਾਰੋ ।।

ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸ ਉਰ ਧਾਰੋ।। ਰਹਾਉ ।।

ਅਟਲ ਭਇਓ ਧ੍ਰੂ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ ।।

ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ ।।


© Copyright @ Authors

ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ ।।

ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ ।।

ਅਜਾਮਲ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ।।

ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ ।।

(ਗੁਰੂ ਗ੍ਰੰਥ ਸਾਹਿਬ ਜੀ, ਅੰਗ 632 )

ਮਨੁੱਖ ਨੂੰ ਸੰਬੋਧਨੀ ਸ਼ੈਲੀ ਵਿੱਚ ਨਾਮ ਸਿਮਰਨ ਰਾਹੀਂ ਆਪਣੇ ਜੀਵਨ ਦਾ ਅਸਲੀ ਉਦੇਸ਼ ਸਮਝਾਉਂਦੇ ਹੋਏ ਗੁਰੂ ਤੇਗ ਬਹਾਦਰ ਜੀ ਲਿਖਦੇ ਹਨ :

ਰਾਮੁ ਸਿਮਰੁ ਰਾਮੁ ਸਿਮਰੁ ਇਹੈ ਤੇਰੈ ਕਾਜਿ ਹੈ।।

(ਗੁਰੂ ਗ੍ਰੰਥ ਸਾਹਿਬ ਜੀ, ਪੰਨਾ ਉਹੀ )

ਰਾਮੁ ਭਜੁ ਰਾਮੁ ਭਜੁ ਜਨਮੁ ਸਿਰਾਤ ਹੈ ।।

(ਗੁਰੂ ਗ੍ਰੰਥ ਸਾਹਿਬ ਜੀ, ਅੰਗ 1352)

ਦੁਨੀਆ ਦੇ ਸਾਰੇ ਪਦਾਰਥਾਂ ਨੇ ਇਕ ਨਾ ਇਕ ਦਿਨ ਖਤਮ ਹੋ ਜਾਣਾ ਹੈ, ਬਿਨਸ ਜਾਣਾ ਹੈ। ਦ੍ਰਿਸ਼ਟਮਾਨ ਸੰਸਾਰ ਅਤੇ ਸੰਸਾਰਕ ਵਸਤਾਂ ਲਈ ਗੁਰੂ ਸਾਹਿਬ 'ਬਾਲੂ ਕੀ ਭੀਤ', 'ਬਾਦਰ ਕੀ ਛਾਈ', 'ਧੂਏਂ ਕਾ ਪਹਾਰ', 'ਜਿਉਂ ਸੁਪਨਾ', 'ਜਲ ਤੇ ਬੁਦਬੁਦਾ' ਆਦਿ ਉਪਮਾਵਾਂ ਦੀ ਵਰਤੋਂ ਕਰਕੇ ਇਹਨਾਂ ਦੀ ਛਿਣ ਭੰਗਰਤਾ ਨੂੰ ਦ੍ਰਿੜ ਕਰਵਾਉਂਦੇ ਹਨ। ਇਸ ਲਈ ਇਨਾਂ ਪਦਾਰਥਾਂ ਨਾਲ ਪਿਆਰ ਪਾਉਣ ਦਾ ਕੋਈ ਲਾਭ ਨਹੀਂ। ਲਿਵ ਉਸ ਨਾਲ ਜੋੜਨੀ ਚਾਹੀਦੀ ਹੈ ਜੋ ਅਬਿਨਾਸ਼ੀ, ਸਥਿਰ ਅਤੇ ਸਦੀਵੀ ਹੈ :

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ।।

ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ।।

(ਗੁਰੂ ਗ੍ਰੰਥ ਸਾਹਿਬ ਜੀ , ਸਲੋਕ , ਅੰਗ 1428-29)

ਇਹ ਬਾਣੀ ਥੋੜ੍ਹ - ਚਿਰੇ ਪਦਾਰਥਾਂ ਦਾ ਲੋਭ ਲਾਲਚ ਛੱਡਣ ਦੇ ਨਾਲ - ਨਾਲ ਛਿਣ ਭੰਗਰ ਦੁਨਿਆਵੀ ਜੀਵਾਂ ਦੀ ਉਸਤਤ ਅਤੇ ਨਿੰਦਾ ਦੋਹਾਂ ਦਾ ਤਿਆਗ ਕਰਕੇ ਮਨੁੱਖ ਨੂੰ ਇੱਕ ਪਰਿਪੂਰਨ ਸਦੀਵੀ ਪਰਮਾਤਮਾ ਦੀ ਕੀਰਤੀ ਕਰਨ ਦੀ ਸੋਝੀ ਵੀ ਬਖਸ਼ਿਸ਼ ਕਰਦੀ ਹੈ :

ਉਸਤਤ ਨਿੰਦਾ ਦੋਊ ਪਰਹਰਿ ਹਰਿ ਕੀਰਤਿ ਉਰ ਆਨੋ ।।

ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ ।।

(ਗੁਰੂ ਗ੍ਰੰਥ ਸਾਹਿਬ ਜੀ, ਅੰਗ 1186 )

ਗੁਰੂ ਜੀ ਦੀ ਬਾਣੀ ਨਿਰਸੰਦੇਹ ਬੇਚੈਨ ਮਨੁੱਖੀ ਮਨ ਨੂੰ ਖੇੜਾ ਜਾਂ ਆਨੰਦ ਪ੍ਰਦਾਨ ਕਰਦੀ ਹੈ। ਇਸ ਦੀ ਪ੍ਰੋੜਤਾ ਵਿਚ ਪ੍ਰੋ ਰਾਮ ਸਿੰਘ ਦਾ ਇਹ ਕਥਨ ਕਾਬਿਲ ਏ ਗੌਰ ਹੈ - ਕੀਰਤਨ ਸੁਣ ਕੇ , ਬਾਣੀ ਦਾ ਪਾਠ ਕਰਕੇ ਜਾਂ ਸੰਕਟ ਕਾਲ ਵਿੱਚ ਨਿਰੰਕਾਰ ਅੱਗੇ ਸਹਾਇਤਾ ਲਈ ਅਰਜੋਈਆਂ ਕਰਕੇ ਅਸੀਂ ਜਿਸ ਮਾਨਸਿਕ ਅਵਸਥਾ ਵਿੱਚ ਪਹੁੰਚਦੇ ਹਾਂ ਉਸ ਵਿੱਚ ਇੱਕ ਗੱਲ ਸਾਂਝੀ ਹੁੰਦੀ ਹੈ , ਸਾਡਾ ਮਨ ਆਮ ਦੁਨਿਆਵੀ ਝਮੇਲਿਆਂ ਨੂੰ ਭੁੱਲ ਕੇ ਨਿਰੰਕਾਰ ਬਾਰੇ ਮਨੋਭਾਵਾਂ ਵਿੱਚ ਡੁੱਬਿਆ ਹੁੰਦਾ ਹੈ । ਅਸੀਂ , ਕੁਝ ਪਲਾਂ ਲਈ ਹੀ ਸਹੀ, ਦੁਨੀਆਂ ਤੋਂ ਟੁੱਟ ਕੇ ਨਿਰੰਕਾਰ ਨਾਲ ਜੁੜ ਜਾਂਦੇ ਹਾਂ। ਮਨ ਦਾ ਦੁਨੀਆਂ ਤੋਂ ਟੁੱਟਣਾ ਹੈ ਤਾਂ ਮੁਸ਼ਕਲ ਪਰ ਕੀਰਤਨ ਦਾ ਅਸਰ, ਬਾਣੀ ਦਾ ਪ੍ਰਭਾਵ ਜਾਂ ਸੰਕਟ ਦਾ ਦਬਾਅ ਇਸ ਮੁਸ਼ਕਲ ਨੂੰ ਕੁਝ ਆਸਾਨ ਕਰਦਾ ਹੈ। ਅਜਿਹੇ ਪਲ ਬਹੁਤ ਗ਼ਨੀਮਤ ਹੁੰਦੇ ਹਨ ।[4] ਗੁਰੂ ਤੇਗ ਬਹਾਦੁਰ ਜੀ ਦੁਨਿਆਵੀ ਦੁੱਖਾਂ ਦੀ ਨਵਿਰਤੀ ਅਤੇ ਸਦੀਵੀ ਸੁੱਖ ਦੀ ਪ੍ਰਾਪਤੀ ਦਾ ਰਾਹ ਦਰਸਾਉਂਦੇ ਹਨ :

ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ।।

ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ ।।

(ਗੁਰੂ ਗ੍ਰੰਥ ਸਾਹਿਬ ਜੀ, ਅੰਗ 1426 )

ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮ ਜਬ ਪਾਇਆ ।।

ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ।।

(ਗੁਰੂ ਗ੍ਰੰਥ ਸਾਹਿਬ ਜੀ, ਅੰਗ 1186)

ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ।।


© Copyright @ Authors

ਜਿਹ ਸਿਮਰਤ ਸੰਕਟ ਮਿਟੈ ਦਰਸ ਤੁਹਾਰੋ ਹੋਇ ।।

(ਗੁਰੂ ਗ੍ਰੰਥ ਸਾਹਿਬ ਜੀ , ਅੰਗ 1429 )

ਨਿਰੰਕਾਰ ਨਾਲ ਇੱਕ ਮਿਕਤਾ ਉਸ ਦੇ ਦਰਸ਼ਨਾਂ ਦੀ ਪ੍ਰਾਪਤੀ ਜਾਂ ਉਸ ਨਾਲ ਸੰਯੋਗ ਦੇ ਇੱਕੋ ਅਰਥ ਹਨ । ਆਤਮਕ ਜੀਵਨ ਦੇ ਇਸ ਸਿਖਰ ਨੂੰ ਆਮ ਤੌਰ ਤੇ ਅਨੰਦਮਈ ਦਸ਼ਾ ਮੰਨਿਆ ਜਾਂਦਾ ਹੈ। ਚਾਹੇ ਇਸ ਦੇ ਲੱਛਣ ਆਨੰਦ ਤੋਂ ਵੀ ਵਧੇਰੇ ਮਹੱਤਵਪੂਰਨ ਹਨ। ਗੁਰੂ ਤੇਗ ਬਹਾਦਰ ਜੀ ਨੇ ਜਿੱਥੇ - ਜਿੱਥੇ ਸਦੀਵੀ ਸੁੱਖ ਜਾਂ ਸਰਬ ਸੁੱਖਾਂ ਦਾ ਵਰਣਨ ਕੀਤਾ ਹੈ ਉਹ ਆਤਮਕ ਰਸ ਦਾ ਹੀ ਉਲੇਖ ਹੈ ।[5] ਗੁਰੂ ਸਾਹਿਬ ਪਰਮਾਤਮਾ ਵਿਚ ਲੀਨ ਹੋਏ ਵੈਰਾਗੀ ਮਨੁੱਖ ਦੇ ਲੱਛਣ ਬਿਆਨ ਕਰਦੇ ਹਨ :

ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ।।

ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ।।

(ਗੁਰੂ ਗ੍ਰੰਥ ਸਾਹਿਬ ਜੀ , ਅੰਗ 831 )

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਅਤਿ ਦਾ ਵੈਰਾਗ ਹੈ। ਇਸ ਬਾਣੀ ਦਾ ਮੁੱਖ ਸੁਰ ਹੈ ਹੀ - ਵੈਰਾਗ ਅਤੇ ਅਨੁਰਾਗ ਭਾਵ ਦਾ ਪ੍ਰਗਟਾਵਾ। ਇਹ ਬਾਣੀ ਮਨੁੱਖ ਨੂੰ ਇਸ ਜੀਵਨ ਤੋਂ ਕਦਾਚਿਤ ਵੀ ਨਿਰਾਸ਼ ਨਹੀਂ ਕਰਦੀ ਸਗੋਂ ਇਸ ਦੀ ਅਸਲੀਅਤ ਤੋਂ ਜਾਣੂ ਕਰਵਾ ਕੇ ਆਪਣਾ ਦੁਰਲੱਭ ਜੀਵਨ ਸਾਰਥਕ ਬਣਾਉਣ ਲਈ ਉਤਸ਼ਾਹਜਨਕ ਸੇਧ ਦਿੰਦੀ ਹੈ। ਡਾ ਗੁਰਚਰਨ ਸਿੰਘ ਮਹਿਤਾ ਦਾ ਇਹ ਕਥਨ ਉਪਰੋਕਤ ਵਿਚਾਰ ਦੀ ਪ੍ਰੋੜਤਾ ਕਰਦਾ ਹੈ । " ਇਹ ਵੈਰਾਗ ਤਨ, ਧਨ , ਪ੍ਰਭੁਤਾ , ਸਾਕ - ਸਬੰਧੀਆਂ ਆਦਿ ਦੇ ਤਿਆਗ ਦੀ ਮੰਗ ਨਹੀਂ ਕਰਦਾ, ਇਹ ਤਾਂ ਇਹਨਾਂ ਦੇ ਰਸ ਦੀ ਮਸਤੀ ਤੋਂ ਸੁਚੇਤ ਕਰਦਾ ਹੈ। '' 6 ਇਹ ਵੈਰਾਗ ਉੱਚਤਮ ਅਤੇ ਨਿਰਮਲ ਪ੍ਰੇਮ ਦਾ ਚਿੰਨ੍ਹ ਹੈ । ਜਦੋਂ ਤੱਕ ਮਨੁੱਖੀ ਆਤਮਾ ਪ੍ਰਭੂ - ਪ੍ਰੇਮ ਵਿੱਚ ਮੁਗਧ ਨਹੀਂ ਹੁੰਦੀ ਅਤੇ ਉਸ ਦੀ ਵਿਆਪਕ ਸੁੰਦਰਤਾ ਵਿੱਚ ਉਸ ਦਾ ਜਲਵਾ ਨਹੀਂ ਦੇਖਦੀ ਓਨਾ ਚਿਰ ਉਹ ਪ੍ਰਭੂ ਨੇੜਤਾ ਪ੍ਰਾਪਤ ਨਹੀ ਕਰ ਸਕਦੀ । ਗੁਰੂ ਤੇਗ ਬਹਾਦਰ ਜੀ ਦੀ ਬਾਣੀ ਗੁਰਮਤਿ ਦੇ ਇਸ ਸਿਧਾਂਤ ਦੀ ਪ੍ਰੋੜਤਾ ਕਰਦੀ ਹੈ ਕਿ ਜੀਵਆਤਮਾ ਅਤੇ ਪਰਮਾਤਮਾ ਅਭੇਦ ਹੋ ਸਕਦੇ ਹਨ । ਇਸ ਅਭੇਦਤਾ ਵਾਲੀ ਅਵਸਥਾ ਨੂੰ ਜੀਵਨ - ਮੁਕਤ ਅਵਸਥਾ ਦਾ ਦਰਜਾ ਦਿੱਤਾ ਜਾਂਦਾ ਹੈ :

ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ।।

ਤਿਹ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ।।

( ਗੁਰੂ ਗ੍ਰੰਥ ਸਾਹਿਬ ਜੀ, ਸਲੋਕ, ਅੰਗ 1428 )

ਗੁਰਿ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ।।

ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ।।

( ਗੁਰੂ ਗ੍ਰੰਥ ਸਾਹਿਬ ਜੀ, ਰਾਗ ਸੋਰਠਿ, ਅੰਗ 633 )

**ਸਥਾਪਨਾਵਾਂ**

ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀਕਾਰਾਂ ਵਿੱਚ ਸ਼ਾਮਿਲ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਭਾਵੇਂ ਆਕਾਰ ਵਜੋਂ ਬਹੁਤੀ ਨਹੀਂ ਪਰ ਆਪਣੀਆਂ ਅਮੁਲ ਸਿੱਖਿਆਵਾਂ ਸਦਕਾ ਗੁਰਮਤਿ ਵਿੱਚ ਇਸ ਦਾ ਵਿਸ਼ੇਸ਼ ਅਤੇ ਮਹੱਤਵਪੂਰਨ ਸਥਾਨ ਹੈ । ਇਹ ਬਾਣੀ ਮਨੁੱਖਤਾ ਦੇ ਕਲਿਆਣ ਵਿੱਚ ਪੂਰੀ ਤਰ੍ਹਾਂ ਸਹਾਈ ਸਿੱਧ ਹੁੰਦੀ ਹੈ । ਮਨੁੱਖ ਦੇ ਦੀਰਘ ਅਤੇ ਗੁਪਤ ਦੁਸ਼ਮਣ ਦੇ ਰੂਪ ਵਿੱਚ ਕਿਰਿਆਸ਼ੀਲ ਪੰਜ ਵਿਕਾਰਾਂ ( ਕਾਮ, ਕ੍ਰੋਧ , ਲੋਭ , ਮੋਹ , ਅਹੰਕਾਰ ) ਦੇ ਦੁਰਪ੍ਰਭਾਵਾਂ ਤੋਂ ਜਾਗਰੂਕ ਕਰਦੀ ਹੋਈ ਸਾਰੇ ਸੰਸਾਰਿਕ ਦੁੱਖਾਂ ਅਤੇ ਕਸ਼ਟਾਂ ਦਾ ਨਿਵਾਰਨ ਇੱਕ ਪਰਮ ਸੱਤਾ ਦੇ ਨਾਮ ਸਿਮਰਨ ਵਿੱਚ ਦਰਸਾਉਂਦੀ ਹੈ। ਇਸ ਤਰ੍ਹਾਂ ਮਨੁੱਖੀ ਮਨ ਵਿਚ ਵੈਰਾਗ ਭਾਵ ਪੈਦਾ ਕਰਦਿਆਂ ਉਸਨੂੰ ਸੁਚੱਜੀ ਜੀਵਨ - ਜਾਚ ਸਿਖਾ ਕੇ ਅਧਿਆਤਮਕ ਮੰਜ਼ਲਿ ਵੱਲ ਤੋਰਦੀ ਹੋਈ ਉਸ ਨੂੰ ਅਨਾਦੀ ਕਾਲ ਦੇ ਬੰਧਨਾਂ ਤੋਂ ਮੁਕਤ ਕਰਨ ਦਾ ਆਹਰ ਕਰਦੀ ਹੈ।

**ਹਵਾਲੇ ਅਤੇ ਟਿੱਪਣੀਆਂ**

1. ਪ੍ਰੋ ਬਿਕਰਮ ਸਿੰਘ ਘੁੰਮਣ , ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਜੀ - ਜੀਵਨ, ਚਿੰਤਨ ਤੇ ਬਾਣੀ , ਪੰਨਾ- 35
2. ਉਹੀ , ਪੰਨੇ - 44 , 45
3. ਡਾ ਜਸਵਿੰਦਰ ਸਿੰਘ ਸੈਣੀ ( ਮੁੱਖ ਸੰਪਾਦਕ ), ਗੁਰਮਤਿ ਕਾਵਿ ਸਿਧਾਂਤ , ਪੰਨਾ 150
4. ਪ੍ਰੋ ਰਾਮ ਸਿੰਘ , ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਰਹੱਸਵਾਦ, ਖੋਜ ਪੱਤ੍ਰਿਕਾ , ਮੁੱਖ ਸੰਪਾਦਕ ਡਾ. ਅੰਮ੍ਰਿਤ ਪਾਲ ਕੌਰ, ਪਬਲੀਕੇਸ਼ਨ ਬਿਊਰੋ ,ਪੰਜਾਬੀ ਯੂਨੀਵਰਸਿਟੀ ਪਟਿਆਲਾ, ਅੰਕ 52, ਸਤੰਬਰ 2000 , ਪੰਨਾ 92
5. ਉਹੀ , ਪੰਨਾ 96 ਡਾ ਗੁਰਚਰਨ ਸਿੰਘ ਮਹਿਤਾ, ਗੁਰੂ ਤੇਗ ਬਹਾਦਰ : ਜੀਵਨ ਤੇ ਬਾਣੀ ਰਚਨਾ, ਖੋਜ ਪੱਤ੍ਰਿਕਾ ( ਬਾਣੀਕਾਰ ਵਿਸ਼ੇਸ਼ ਅੰਕ ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ - 93


© Copyright @ Authors